ਰਾਸ਼ਟਰੀ ਗ੍ਰਾਮੀਣ ਸਿਹਤ ਮਿਸ਼ਨ
ਡਾਇਰੈਕਟੋਰੇਟ ਆਫ ਆਯੁਰਵੈਦਾ, ਪੰਜਾਬ
ਐਸ.ਸੀ.ਓ. ਨੰ:823-24, ਸੈਕਟਰ-22-ਏ, ਚੰਡੀਗੜ੍ਹ।

## ਠੇਕੇ ਦੇ ਅਧਾਰ ਤੇ ਨਿਯੁਕਤੀਆਂ

ਠੇਕੇ ਦੇ ਅਧਾਰ ਤੇ ਇੱਕ ਸਾਲ ਦੇ ਅਰਸੇ ਲਈ (ਅੱਗੇ ਵਧਾਉਣ ਯੋਗ) ਕਾਰਗੁਜ਼ਾਰੀ ਅਤੇ ਆਚਰਣ ਤੇ ਨਿਰਭਰ ਕਰਦਿਆਂ ਹੇਠ ਲਿਖੀਆਂ ਆਸਾਮੀਆਂ ਭਰਨ ਲਈ ਯੋਗ ਉਮੀਦਵਾਰਾਂ ਪਾਸੋਂ ਬਿਨੈ-ਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ। ਨਿਰਧਾਰਤ ਯੋਗਤਾਵਾਂ ਰੱਖਣ ਵਾਲੇ ਚਾਹਵਾਨ ਉਮੀਦਵਾਰ ਆਪਣੇ ਬਿਨੈ-ਪੱਤਰ ਵੈਬਸਾਈਟ **http:/www.babafariduniv.com** ਤੇ ਉਪਲੱਬਧ ਕੀਤੇ ਗਏ ਫਾਰਮੈਟ ਵਿੱਚ ਆਨ-ਲਾਈਨ ਮਿਤੀ 5/4/2013...ਸ਼ਾਮ 5:00 ਵਜੇ ਤੱਕ ਜਮ੍ਹਾਂ ਕਰਵਾ ਸਕਦੇ ਹਨ:-

| ਲੜੀ ਨੰ: | ਆਸਾਮੀ ਦਾ ਨਾਮ | ਆਸਾਮੀਆਂ ਦੀ ਗਿਣਤੀ | ਘੱਟੋ-ਘੱਟ ਯੋਗਤਾਵਾਂ | ਤਨਖਾਹ (ਉੱਕਾ-ਪੁੱਕਾ) | ਉਮਰ (01-01-2013) ਨੂੰ |
|---|---|---|---|---|---|
| 1. | ਆਯੁਰਵੈਦਿਕ ਮੈਡੀਕਲ ਅਫਸਰ | 29 | 1. ਉਮੀਦਵਾਰ ਕਿਸੇ ਵੀ ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਫਕੈਲਟੀ (ਸੀ.ਸੀ.ਆਈ.ਐਮ, ਨਵੀਂ ਦਿੱਲੀ ਐਕਟ, 1970 ਅਧੀਨ) ਬੀ.ਏ.ਐਮ.ਐਸ. ਜਾਂ ਇਸ ਦੇ ਬਰਾਬਰ ਡਿਗਰੀ ਰੱਖਦਾ ਹੋਵੇ।<br>2. ਬੋਰਡ ਆਫ ਆਯੁਰਵੈਦਿਕ ਅਤੇ ਯੂਨਾਨੀ ਸਿਸਟਮ ਆਫ ਮੈਡੀਸਨ ਪੰਜਾਬ ਨਾਲ ਰਜਿਸਟਰਡ ਹੋਵੇ।<br>3. ਦਸਵੀਂ ਜਾ ਉਚੇਰੇ ਪੱਧਰ ਤੱਕ ਪੰਜਾਬੀ ਪਾਸ ਹੋਵੇ। | 20,000/- ਪ੍ਰਤੀ ਮਹੀਨਾ | (ਜਨਰਲ) ਕੈਟਾਗਿਰੀ ਦੀ ਉਮਰ 18 ਤੋਂ 39 ਸਾਲ, ਵਿਧਵਾ। ਔਰਤਾਂ ਲਈ ਉਮਰ 42 ਸਾਲ ਤੱਕ ਅਤੇ ਅਨੁਸੂਚਿਤ ਜਾਤੀ/ ਪਛੜੀ ਸ਼੍ਰੇਣੀਆਂ ਦੀ ਉਮਰ 44 ਸਾਲ ਤੱਕ ਹੋਵੇਗੀ। |
| 2. | ਉਪਵੈਦ | 34 | 1. ਉਮੀਦਵਾਰ ਪੰਜਾਬ ਸਟੇਟ ਫਕੈਲਟੀ ਆਫ ਆਯੁਰਵੈਦਾ ਅਤੇ ਯੂਨਾਨੀ ਸਿਸਟਮ ਆਫ ਮੈਡੀਸਨ ਤੋਂ ਉਪਵੈਦ ਦਾ ਦੋ ਸਾਲ ਦਾ ਡਿਪਲੋਮਾ ਰਖੱਦਾ ਹੋਵੇ।<br>2. ਦਸਵੀਂ ਜਾਂ ਉਚੇਰੇ ਪੱਧਰ ਤੱਕ ਪੰਜਾਬੀ ਪਾਸ ਹੋਵੇ। | 8,000/- ਪ੍ਰਤੀ ਮਹੀਨਾ | (ਜਨਰਲ) ਕੈਟਾਗਿਰੀ ਦੀ ਉਮਰ 18 ਤੋਂ 39 ਸਾਲ, ਵਿਧਵਾ ਔਰਤਾਂ ਲਈ ਉਮਰ 42 ਸਾਲ ਤੱਕ ਅਤੇ ਅਨੁਸੂਚਿਤ ਜਾਤੀ/ ਪਛੜੀ ਸ਼੍ਰੇਣੀਆਂ ਦੀ ਉਮਰ 44 ਸਾਲ ਤੱਕ ਹੋਵੇਗੀ। |

## ਰਾਖਵੀਆਂ ਆਸਾਮੀਆਂ ਦਾ ਵੇਰਵਾ:-

1) ਆਯੂਰਵੈਦਿਕ ਮੈਡੀਕਲ ਅਫਸਰ (ਠੇਕੇ ਤੇ)

| ਲੜੀ ਨੰ: | ਆਸਾਮੀਆਂ ਦਾ ਵੇਰਵਾ | ਏ.ਐਮ.ਓ ਲਈ ਆਸਾਮੀਆਂ | ਬੈਕਲਾਗ | ਕੁੱਲ ਜੋੜ |
|---|---|---|---|---|
| 1. | ਜਨਰਲ | 09 | 03 | 12 |
| 2. | ਖਿਡਾਰੀ (ਜਨਰਲ) | 01 | 02 | 03 |
| 3. | ਪਛੜੀ ਸ਼੍ਰੇਣੀ | 02 | 01 | 03 |
| 4. | ਅਨੁਸੂਚਿਤ ਜਾਤੀ | 04 | - | 04 |
| 5. | ਸਾਬਕਾ ਫੌਜੀ (ਜਰਨਲ) ਜਾਂ ਉਨ੍ਹਾਂ ਦੇ ਆਸਰਿਤ | 02 | - | 02 |
| 6. | ਸਾਬਕਾ ਫੌਜੀ (ਅਨੁਸੂਚਿਤ ਜਾਤੀ) ਜਾਂ ਉਨ੍ਹਾਂ ਦੇ ਆਸ਼ਰਿਤ | 01 | 01 | 02 |
| 7. | ਸਾਬਕਾ ਫੌਜੀ (ਪਛੜੀ ਸ਼੍ਰੇਣੀ) ਜਾਂ ਉਨ੍ਹਾਂ ਦੇ ਆਸ਼ਰਿਤ | - | 03 | 03 |
| | ਕੁੱਲ ਜੋੜ | 19 | 10 | 29 |

2) ਉਪਵੈਦ (ਠੇਕੇ ਤੇ)

| ਲੜੀ ਨੰ: | ਆਸਾਮੀਆਂ ਦਾ ਵੇਰਵਾ | ਉਪਵੈਦ | ਬੈਕਲਾਗ | ਕੁੱਲ ਜੋੜ |
|---|---|---|---|---|
| 1. | ਜਨਰਲ | - | 19 | 19 |
| 2. | ਖਿਡਾਰੀ | - | - | - |
| 3. | ਪਛੜੀ ਸ਼੍ਰੇਣੀ | - | 02 | 02 |
| 4. | ਅਨੁਸੂਚਿਤ ਜਾਤੀ | - | 10 | 10 |
| 5. | ਸਾਬਕਾ ਫੌਜੀ (ਜਰਨਲ) ਜਾਂ ਉਨ੍ਹਾਂ ਦੇ ਆਸਰਿਤ | - | 01 | 01 |
| 6. | ਸਾਬਕਾ ਫੌਜੀ (ਅਨੁਸੂਚਿਤ ਜਾਤੀ) ਜਾਂ ਉਨ੍ਹਾਂ ਦੇ ਆਸ਼ਰਿਤ | - | 01 | 01 |
| 7. | ਸਾਬਕਾ ਫੌਜੀ (ਪਛੜੀ ਸ਼੍ਰੇਣੀ) ਜਾਂ ਉਨ੍ਹਾਂ ਦੇ ਆਸ਼ਰਿਤ | - | - | - |
| 8. | ਅੰਗਹੀਣ | - | 01 | 01 |

(ਐਮ.ਐਂਡ.ਬੀ) ਅਤੇ (ਰਾਮਦਾਸੀਆਂ ਅਤੇ ਹੋਰ) ਨਾਲ ਸਬੰਧਤ ਉਮੀਦਵਾਰ ਬਿਨੈ-ਪੱਤਰ ਤੇ ਆਪਣੀ-ਆਪਣੀ ਕੈਟਾਗਿਰੀ ਵੱਖਰੇ-ਵੱਖਰੇ ਤੌਰ ਤੇ ਅੰਕਿਤ ਕਰਨਗੇ।

ਨੋਟ:- 1) ਖਿਡਾਰੀ ਉਮੀਦਵਾਰਾਂ ਲਈ ਗਰੇਡੇਸਨ 'ਏ' ਦਾ ਸਰਟੀਫਿਕੇਟ ਜਰੂਰੀ ਹੈ ਜੇਕਰ ਏ ਗਰੇਡੇਸਨ ਸਰਟੀਫਿਕੇਟ ਵਾਲਾ ਖਿਡਾਰੀ ਉਮੀਦਵਾਰ ਉਪਲਬਧ ਨਹੀ ਹੋਵੇਗਾ ਤਾਂ ਖਿਡਾਰੀਆਂ ਲਈ ਰਾਖਵੀਆਂ ਆਸਾਮੀਆਂ ਤੇ ਬੀ ਗਰੇਡੇਸਨ ਰੱਖਣ ਵਾਲੇ ਖਿਡਾਰੀ ਉਮੀਦਵਾਰ ਨੂੰ ਵਿਚਾਰਿਆ ਜਾਵੇਗਾ। ਜੇਕਰ 'ਬੀ' ਗਰੇਡ ਰੱਖਣ ਵਾਲੇ ਉਮੀਦਵਾਰ ਵੀ ਉਪਲੱਬਧ ਨਾ ਹੋਏ ਤਾਂ 'ਸੀ' ਗਰੇਡ ਦੇ ਉਮੀਦਵਾਰਾਂ ਨੂੰ ਵਿਚਾਰ ਲਿਆ ਜਾਵੇਗਾ।

2) ਜੇਕਰ ਅੰਗਹੀਣ ਕੈਟਾਗਿਰੀ ਲਈ ਕੋਈ ਗੂੰਗਾ/ਬੋਲਾ ਅਤੇ ਨੇਤਰਹੀਣ ਉਮੀਦਵਾਰ ਉਪਲਬੱਧ ਨਹੀਂ ਹੋਵੇਗਾ ਤਾਂ ਆਰਥੋਪੈਡਿਕ ਅੰਗਹੀਣ ਉਮੀਦਵਾਰ ਨੂੰ ਵਿਚਾਰਿਆ ਜਾਵੇਗਾ।

<u>ਉਮੀਦਵਾਰਾਂ ਲਈ ਹਦਾਇਤਾਂ:-</u>

1) ਉਮੀਦਵਾਰ ਸਿਰਫ ਵੈਬਸਾਈਟ **http:/www.babafariduniv.com** ਤੇ ਆਨ-ਲਾਈਨ ਆਪਣੇ ਬਿਨੈ ਪੱਤਰ ਲਈ ਪ੍ਰੋਫਾਰਮਾ ਪ੍ਰਾਪਤ ਕਰ ਸਕਦੇ ਹਨ। ਫਾਰਮ ਨੂੰ ਮੁਕੰਮਲ ਰੂਪ ਵਿੱਚ ਭਰਕੇ ਅਤੇ ਇਸਤੇ ਆਪਣਾ ਤਾਜਾ ਫੋਟੋਗ੍ਰਾਫ ਚਿਕਪਾਉਣ ਉਪਰੰਤ ਕਿਸੇ ਨੋਟਰੀ ਜਾ ਗਜਟਿਡ ਅਫਸਰ ਤੋਂ ਤਸਦੀਕ ਕਰਵਾਇਆ ਜਾਵੇ। ਫਾਰਮ ਪ੍ਰਾਪਤ ਕਰਨ ਵੇਲੇ ਅਲਾਟ ਕੀਤੇ ਰਜਿਸਟਰੇਸਨ ਨੰਬਰ ਦੀ ਸਲਿਪ ਲਿਖਤੀ ਪ੍ਰੀਖਿਆ ਦੇ ਸਮੇਂ ਵੇਖੀ ਜਾਵੇਗੀ ਅਤੇ ਕਾਂਉਂਸਲਿੰਗ ਸਮੇਂ ਪਹਿਚਾਣ ਚਿੱਟ ਦੇ ਤੋਰ ਤੇ ਵਰਤੀ ਜਾਵੇਗੀ, ਫਾਰਮ ਵਿੱਚ ਆਪਣਾ ਮੋਬਾਇਲ ਨੰਬਰ/ ਟੈਲੀਫੂਨ ਨੰਬਰ ਜਰੂਰ ਲਿਖਿਆ ਜਾਵੇ।

2) ਉਮੀਦਵਾਰ ਬਿਨੈ ਪੱਤਰ ਦੇਣ ਵੇਲੇ ਇਹ ਯਕੀਨੀ ਬਣਾ ਲੈਣ ਕਿ ਉਹ ਨਿਰਧਾਰਤ ਕੀਤੀਆਂ ਸਾਰੀਆਂ ਯੋਗਤਾਵਾਂ ਅਤੇ ਸਰਤਾਂ ਪੂਰੀਆ ਕਰਦੇ ਹਨ। ਜੇਕਰ ਜਾਂਚ ਪੜਤਾਲ ਦੋਰਾਨ ਕਿਸੇ ਸਮੇਂ ਵੀ ਨਿਯੁਕਤੀ ਤੋਂ ਪਹਿਲਾਂ ਜਾਂ ਬਾਦ ਵਿੱਚ ਇਹ ਪਾਇਆ ਜਾਂਦਾ ਹੈ ਕਿ ਉਹ ਉਪਰੋਕਤ ਦਰਸਾਈ ਕਿਸੇ ਯੋਗਤਾ/ਸਰਤਾ ਨੂੰ ਪੂਰਾ ਨਹੀ ਕਰਦੇ ਅਤੇ ਉਨ੍ਹਾਂ ਵਲੋਂ ਡਿਗਰੀ/ਡਿਪਲੋਮਾ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ/ਫਕੈਲਟੀ ਆਦਿ ਤੋਂ ਪ੍ਰਾਪਤ ਨਹੀ ਕੀਤਾ ਗਿਆ ਜਾਂ ਇਹ ਪਾਇਆ ਗਿਆ ਕਿ ਉਨ੍ਹਾਂ ਵਲੋਂ ਦਿੱਤੀ ਗਈ ਜਾਣਕਾਰੀ ਝੂਠੀ ਜਾਂ ਗਲਤ ਹੈ ਤਾਂ ਉਨ੍ਹਾਂ ਦੀ ਉਮੀਦਵਾਰਤਾ ਰੱਦ ਕਰ ਦਿੱਤੀ ਜਾਵੇਗੀ।

3) ਅਸਲ ਸਰਟੀਫਿਕੇਟ ਕਾਂਉਸਲਿੰਗ ਸਮੇਂ ਚੈਕ ਕੀਤੇ ਜਾਣਗੇ। ਇਸ ਤੋਂ ਇਲਾਵਾ ਸਾਰੇ ਸਰਟੀਫਿਕੇਟਾ ਦੀਆਂ ਤਸਦੀਕ ਸੁਦਾ ਕਾਪੀਆਂ ਕਾਂਉਂਸਲਿੰਗ ਵੇਲੇ ਨਾਲ ਲਿਆਂਦੀਆਂ ਜਾਣ।

4) ਅਧੂਰੇ ਅਤੇ ਨਿਸਚਿਤ ਮਿਤੀ ਤੋਂ ਬਾਦ ਪ੍ਰਾਪਤ ਹੋਏ ਬਿਨੈ ਪੱਤਰ ਵਿਚਾਰੇ ਨਹੀ ਜਾਣਗੇ।

5) ਆਸਾਮੀਆਂ ਦੀ ਗਿਣਤੀ ਵਧਾਈ ਜਾਂ ਘਟਾਈ ਜਾ ਸਕਦੀ ਹੈ।

6) ਆਯੁਰਵੈਦਿਕ ਮੈਡੀਕਲ ਅਫਸਰਾਂ ਅਤੇ ਉਪਵੈਦਾ ਦੀਆਂ ਆਸਾਮੀਆਂ ਲਈ ਯੋਗ ਉਮੀਦਵਾਰਾਂ ਦਾ ਲਿਖਤੀ ਟੈਸਟ ਲਿਆ ਜਾਵੇਗਾ।

7) ਰਾਖਵਾਂਕਰਨ ਅਤੇ ਹੋਰ ਸਰਤਾ ਪੰਜਾਬ ਸਰਕਾਰ ਵਲੋਂ ਜਾਰੀ ਕੀਤੀ ਦਿਸਾ ਨਿਰਦੇਸਾਂ ਅਤੇ ਨਿਯਮਾਂ ਅਨੁਸਾਰ ਹੋਣਗੀਆਂ।

8) ਆਯੁਰਵੈਦਿਕ ਮੈਡੀਕਲ ਅਫਸਰ / ਉਪਵੈਦ ਦੀ ਆਸਾਮੀ ਲਈ ਅਪਲਾਈ ਕਰਨ ਵਾਲੇ ਜਨਰਲ ਵਰਗ ਦੇ ਉਮੀਦਵਾਰਾਂ ਲਈ ਫੀਸ 520 ਰੁਪਏ ਅਤੇ ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਲਈ 420 ਰੁਪਏ ਹੋਵੇਗੀ।

9). ਬਾਬਾ ਫਰੀਦ ਯੂਨੀਵਰਸਿੱਟੀ ਆਫ ਹੈਲਥ ਸਾਇੰਸਿਜ ਫਰੀਦਕੋਟ (Application Fee Account) ਦੇ ਨਾਮ ਤੇ ਜਮਾਂ ਕਰਵਾਈ ਜਾਵੇ। ਇਸ ਸਬੰਧੀ ਮੁਕੰਮਲ ਸੂਚਨਾ ਲੈਣ ਲਈ ਵੈਬਸਾਈਟ http:/www.babafariduniv.com ਤੇ ਸੰਪਰਕ ਕੀਤਾ ਜਾਵੇ।

10) ਉਮੀਦਵਾਰ ਬਾਬਾ ਫਰੀਦ ਯੂਨੀਵਰਸਿੱਟੀ ਆਫ ਹੈਲਥ ਸਾਇੰਸਿਜ ਫਰੀਦਕੋਟ ਦੀ ਵੈਬਸਾਈਟ ਵਾਰ-ਵਾਰ ਖੋਲਦੇ ਰਹਿਣ। ਲਿਖਤ ਪ੍ਰੀਖਿਆ ਦੀ ਮਿਤੀ ਤੇ ਸਥਾਨ ਬਾਰੇ ਸੂਚਨਾ ਵੈਬਸਾਈਟ ਰਾਹੀਂ ਦਿੱਤੀ ਜਾਵੇਗੀ।

11) ਵਿਭਾਗ ਵਲੋਂ ਉਮੀਦਵਾਰਾਂ ਦੀ ਕੋਈ ਇੰਟਰਵਿਊ ਆਦਿ ਨਹੀ ਲਈ ਜਾਵੇਗੀ, ਪਰ ਲਿਖਤ ਪ੍ਰੀਖਿਆ ਵਿੱਚ ਪ੍ਰਾਪਤ ਕੀਤੇ ਨੰਬਰਾਂ ਅਨੁਸਾਰ ਉਚੇਰੀ ਮੈਰਿਟ ਦੇ ਅਧਾਰ ਤੇ ਉਮੀਦਵਾਰਾਂ ਨੂੰ ਕਾਉਂਸਲਿੰਗ ਲਈ ਬੁਲਾਇਆ ਜਾਵੇਗਾ, ਜਿਸ ਸਮੇਂ ਅਸਲ ਸਰਟੀਫਿਕੇਟ ਆਦਿ ਚੈੱਕ ਕਰਨ ਉਪਰੰਤ ਹੀ ਚੋਣ ਕੀਤੀ ਜਾਵੇਗੀ।

12) ਇੰਟਰਨਸਿਪ ਆਯੁਰਵੈਦਿਕ ਮੈਡੀਕਲ ਅਫਸਰ/ਉਪਵੈਦਾਂ ਦੇ ਕੋਰਸ ਦਾ ਹੀ ਇੱਕ ਅਹਿਮ ਹਿੱਸਾ ਹੈ। ਇਸ ਲਈ ਉਮੀਦਵਾਰਾਂ ਦੀ ਇੰਟਰਨਸਿਪ ਬਿਨੈ-ਪੱਤਰ ਪ੍ਰਾਪਤ ਕਰਨ ਦੀ ਆਖਰੀ ਮਿਤੀ ਤੱਕ ਮੁਕੰਮਲ ਹੋਣਾ ਲਾਜਮੀ ਹੋਵੇਗਾ।

13) ਉਪਵੈਦ ਦੀ ਆਸਾਮੀ ਲਈ ਉਹੀ ਉਮੀਦਵਾਰ ਯੋਗ ਹੋਣਗੇ ਜਿਨ੍ਹਾਂ ਵੱਲੋਂ ਪੰਜਾਬ ਸਟੇਟ ਫਕੈਲਟੀ ਆਫ ਆਯੁਰਵੈਦਿਕ ਐਂਡ ਯੂਨਾਨੀ ਸਿਸਟਮ ਆਫ ਮੈਡੀਸਨਜ ਨਾਲ ਸਬੰਧਤ ਪੰਜਾਬ ਦੇ ਕਾਲਜਾਂ ਵਿੱਚੋਂ ਉਪਵੈਦ ਦਾ 2 ਸਾਲ ਦਾ ਡਿਪਲੋਮਾ ਕੀਤਾ ਹੋਵੇ।

ਕਮਿਸਨਰ ਆਯੁਸ, ਪੰਜਾਬ